

## ਜੇ ਤੁਹਾਨੂੰ ਸ਼ੱਕ ਹੈ ਕਿ ਤੁਹਾਡਾ ਜਾਂ ਤੁਹਾਨੂੰ ਜਾਣਦੇ ਕਿਸੇ ਵਿਅਕਤੀ ਦਾ ਸ਼ੋਸ਼ਣ ਜਾਂ ਵਪਾਰ ਹੋ ਰਿਹਾ ਹੈ ਤਾਂ ਕੀ ਕਰਨਾ ਹੈ?

ਮਨੁੱਖੀ ਵਪਾਰ ਦਾ ਸ਼ਿਕਾਰ ਵਿਅਕਤੀਆਂ ਲਈ ਕਈ ਤਰ੍ਹਾਂ ਦੀ ਸਮਾਜਿਕ ਮਦਦ ਮਿਲਦੀ ਹੈ ਜਿਸ ਵਿਚ ਰਿਹਾਇਸ਼ ਵਿਚ ਮਦਦ, ਸਿਹਤ ਮਾਹਰਾਂ ਤੋਂ ਇਲਾਜ, ਮਨੋਵਿਗਿਆਨਕ ਅਤੇ ਸਮਾਜਿਕ ਮਦਦ, ਅਤੇ ਕਾਨੂੰਨੀ ਮਦਦ ਸ਼ਾਮਲ ਹਨ ਸਮੇਤ, ਇਮੀਗਰੇਸ਼ਨ ਦਰਜੇ ਬਾਰੇ ਸਲਾਹ, ਰੁਜ਼ਗਾਰ ਦੇ ਮਿਆਰਾਂ ਦੀ ਹਾਨੀ ਪੂਰਤੀ, ਸਿਵਲ ਅਤੇ ਕ੍ਰਿਮੀਨਲ ਸ਼ਿਕਾਇਤਾਂ ਦੇ। ਬ੍ਰਿਟਿਸ਼ ਕੋਲੰਬੀਆ ਕੋਲ ਟਰੇਂਡ ਪੇਸ਼ਾਵਰ ਲੋਕ ਹਨ ਜਿਨ੍ਹਾਂ ਕੋਲ ਮਨੁੱਖੀ ਵਪਾਰ ਤੋਂ ਬਚ ਕੇ ਆਉਣ ਵਾਲਿਆਂ ਲਈ ਵੱਡੇ ਪੱਧਰ ’ਤੇ ਕੇਸ ਵਿਚ ਮਦਦ ਕਰਨ ਦੀ ਮੁਹਾਰਤ ਹੈ।

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਇਹ ਮਦਦ ਮਨੁੱਖੀ ਵਪਾਰ ਦੇ ਸਾਰੇ ਪੀੜਤਾਂ ਲਈ ਹੈ, ਉਨ੍ਹਾਂ ਵਿਅਕਤੀਆਂ ਲਈ ਵੀ ਜਿਨ੍ਹਾਂ ਕੋਲ ਕੰਮ ਦੇ ਵਾਜਬ ਪਰਮਿਟ ਜਾਂ ਪਛਾਣ ਦੇ ਹੋਰ ਪੇਪਰ ਨਹੀਂ ਹਨ। ਮਨੁੱਖੀ ਵਪਾਰ ਦੇ ਪੀੜਤ ਜਿਹੜੇ ਵਿਅਕਤੀ ਬਿਨਾਂ ਦਰਜੇ ਦੇ ਹਨ, ਉਹ ਆਪਣੇ ਇਮੀਗਰੇਸ਼ਨ ਦਰਜੇ ਨੂੰ ਪੱਕਾ ਕਰਨ ਲਈ ਟੈਂਪਰੇਰੀ ਰੈਜ਼ੀਡੈਂਟ ਪਰਮਿਟਾਂ ਲਈ ਅਪਲਾਈ ਕਰ ਸਕਦੇ ਹਨ।

ਬ੍ਰਿਟਿਸ਼ ਕੋਲੰਬੀਆ ਵਿਚ, **ਆਫਿਸ ਟੂ ਕਮਬੈਟ ਟ੍ਰੈਫਿਕਿੰਗ ਇਨ ਪਰਸਨਜ਼** ਮਨੁੱਖੀ ਵਪਾਰ ਤੋਂ ਰੋਕਥਾਮ ਕਰਨ ਲਈ ਕੰਮ ਕਰਦਾ ਹੈ ਅਤੇ ਵਪਾਰ ਦਾ ਸ਼ਿਕਾਰ ਹੋਏ ਵਿਅਕਤੀਆਂ ਲਈ ਤਾਲਮੇਲ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ।

ਜੇ ਤੁਹਾਨੂੰ ਸ਼ੱਕ ਹੈ ਕਿ ਤੁਸੀਂ ਜਾਂ ਤੁਹਾਨੂੰ ਜਾਣਦਾ ਕੋਈ ਹੋਰ ਵਿਅਕਤੀ ਸ਼ੋਸ਼ਣ ਜਾਂ ਮਨੁੱਖੀ ਵਪਾਰ ਦਾ ਸ਼ਿਕਾਰ ਹੋ ਤਾਂ ਕਿਰਪਾ ਕਰਕੇ ਫੋਨ ਕਰੋ:

**1-888-712-7974**

ਇਸ ਨੰਬਰ ’ਤੇ ਫੋਨ ਕਰਨਾ ਮੁਫਤ ਹੈ, ਇਹ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਚੱਲਦਾ ਹੈ। ਮਨੁੱਖੀ ਵਪਾਰ ਦੇ ਪੀੜਤਾਂ ਨਾਲ ਕੰਮ ਕਰਨ ਲਈ ਟਰੇਂਡ ਸਪੈਸਲਿਸ਼ਟ ਮਦਦ ਕਰਨ ਲਈ ਮੌਜੂਦ ਹੋਣਗੇ। ਦੋਭਾਸ਼ੀਏ ਦੀਆਂ ਸੇਵਾਵਾਂ 110 ਨਾਲੋਂ ਜ਼ਿਆਦਾ ਜ਼ਬਾਨਾਂ ਵਿਚ ਉਪਲਬਧ ਹਨ।

# ਵਸੀਲੇ

## ਐਮਰਜੰਸੀਆਂ ਲਈ ਫੋਨ ਕਰੋ: 9-1-1

### ਆਫਿਸ ਟੂ ਕਮਬੈਟ ਟ੍ਰੈਫਿਕਿੰਗ ਇਨ ਪਰਸਨਜ਼ (ਓ ਸੀ ਟੀ ਆਈ ਪੀ)

1-888-712-7974 (ਬੀ ਸੀ ਵਿਚ ਮੁਫਤ, ਦਿਨ ਦੇ 24 ਘੰਟੇ / ਹਫਤੇ ਦੇ ਸੱਤੇ ਦਿਨ)
604-660-5199
ਦੋਭਾਸ਼ੀਏ ਦੀਆਂ ਸੇਵਾਵਾਂ 110 ਨਾਲੋਂ ਜ਼ਿਆਦਾ ਜ਼ਬਾਨਾਂ ਵਿਚ ਉਪਲਬਧ ਹਨ।

### ਆਰ ਸੀ ਐੱਮ ਪੀ

ਹਿਊਮਨ ਟ੍ਰੈਫਿਕਿੰਗ ਅਵੇਅਰਨੈੱਸ ਕੋਆਰਡੀਨੇਟਰ
pacifichumantraffickingcoordinator@rcmp-grc.gc.ca

### ਕਰਾਇਮ-ਸਟੌਪਰਜ਼

ਗੁਪਤ ਤਰੀਕੇ ਨਾਲ ਜੁਰਮ ਦੀ ਰਿਪੋਰਟ ਕਰਨ ਲਈ: 1-800-222-8477

### ਵੈੱਸਟ ਕੋਸਟ ਡੋਮੈਸਟਿਕ ਵਰਕਰਜ਼ ਐਸੋਸੀਏਸ਼ਨ

302-119 West Pender
Vancouver, BC V6B 1S5
604-669-4482 (ਲੋਅਰ ਮੇਨਲੈਂਡ)
1-888-669-4482 (ਮੁਫਤ)
www.wcdwa.ca

### ਮੌਜ਼ੇਕ

1720 Grant St.
Vancouver, BC V5L 2Y7
ਫੋਨ: 604- 254 9626
ਫੈਕਸ: 604-254 3932
www.mosaicbc.com

### ਵਰਕਸੇਫ ਬੀ ਸੀ

1-888-967-5377
www.worksafebc.com

### ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ

www.labour.gov.bc.ca/esb/

### ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ

1-888-242-2100
www.cic.gc.ca

BRITISH COLUMBIA | Ministry of Justice

ਇਹ ਪ੍ਰੋਜੈਕਟ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਦਦ ਨਾਲ ਸੰਭਵ ਹੋਇਆ।

Modern Day Slavery [Punjabi]

# ਅਜੋਕੇ ਦੌਰ ਦੀ ਗੁਲਾਮੀ



## ਆਪਣੀਆਂ ਕਮਿਉਨਟੀਆਂ ਵਿਚ ਬਦੇਸ਼ੀ ਕਾਮਿਆਂ ਦੇ ਸ਼ੋਸ਼ਣ ਅਤੇ ਵਪਾਰ ਦਾ ਮੁਕਾਬਲਾ ਕਰਨਾ

MOSAIC

West Coast Domestic Workers' Association

## “ਬਦੇਸ਼ੀ ਕਾਮਾ” ਕੌਣ ਹੈ?

ਬਦੇਸ਼ੀ ਕਾਮਾ (ਫੌਰਨ ਵਰਕਰ) ਉਹ ਵਿਅਕਤੀ ਹੈ ਜਿਹੜਾ ਕੈਨੇਡਾ ਵਿਚ ਕੰਮ ਕਰ ਰਿਹਾ ਹੈ ਪਰ ਕੈਨੇਡਾ ਦਾ ਸਿਟੀਜ਼ਨ ਜਾਂ ਪ੍ਰਮਾਨੈਂਟ ਰੈਜ਼ੀਡੈਂਟ (ਪੱਕਾ ਵਸਨੀਕ) ਨਹੀਂ ਹੈ। ਹਰ ਸਾਲ, 150,000 ਤੋਂ ਜ਼ਿਆਦਾ ਬਦੇਸ਼ੀ ਕਾਮੇ ਵੱਖ ਵੱਖ ਤਰ੍ਹਾਂ ਦੀਆਂ ਜੌਬਾਂ ਵਿਚ ਕੰਮ ਕਰਨ ਲਈ ਕੈਨੇਡਾ ਆਉਂਦੇ ਹਨ ਜਿਨ੍ਹਾਂ ਜੌਬਾਂ ਵਿਚ ਸ਼ਾਮਲ ਹਨ: ਲਿਵ-ਇਨ ਕੇਅਰਗਿਵਰਜ਼, ਖੇਤੀਬਾੜੀ ਕਾਮੇ, ਇੰਜਨੀਅਰ, ਡਾਕਟਰ, ਕਨਸਟਰੱਕਸ਼ਨ ਇੰਡਸਟਰੀ ਵਿਚ ਕੰਮ ਕਰਦੇ ਲੋਕ ਅਤੇ ਮਹਿਮਾਨ ਨਿਵਾਜ਼ੀ (ਹੌਸਪੀਟਿਲਟੀ) ਦੇ ਖੇਤਰ ਵਿਚ ਕੰਮ ਕਰਦੇ ਲੋਕ।

ਕੈਨੇਡਾ ਦੇ ਸਾਰੇ ਕਾਮਿਆਂ ਦੀ, ਜਿਨ੍ਹਾਂ ਵਿਚ ਬਦੇਸ਼ੀ ਕਾਮੇ ਵੀ ਸ਼ਾਮਲ ਹਨ, ਕੈਨੇਡਾ ਦੇ ਕਾਨੂੰਨਾਂ ਵਲੋਂ ਰੱਖਿਆ ਕੀਤੀ ਜਾਂਦੀ ਹੈ, ਜਿਸ ਵਿਚ ਇਮਪਲੌਏਮੈਂਟ, ਲੇਬਰ ਅਤੇ ਕਰਿਮੀਨਲ ਲਾਅ ਸ਼ਾਮਲ ਹਨ। ਭਾਵੇਂ ਤੁਸੀਂ ਕੰਮ ਦੇ ਯੋਗ ਪਰਮਿਟ ਤੋਂ ਬਿਨਾਂ ਕੋਈ ਬਦੇਸ਼ੀ ਕਾਮੇ ਹੀ ਹੋਵੋ ਤੁਸੀਂ ਅਜੇ ਵੀ ਕਾਨੂੰਨ ਹੇਠ ਸੁਰੱਖਿਅਤ ਹੋ।

## “ਮਨੁੱਖੀ ਵਪਾਰ” ਕੀ ਹੈ?

ਮਨੁੱਖੀ ਵਪਾਰ (ਹਿਊਮਨ ਟ੍ਰੈਫਿਕਿੰਗ) ਇਕ ਵਧ ਰਿਹਾ ਵਿਸ਼ਵਵਿਆਪੀ ਜੁਰਮ ਹੈ। ਯੂਨਾਈਟਡ ਨੇਸ਼ਨਜ਼ ਦਾ ਅੰਦਾਜ਼ਾ ਹੈ ਕਿ ਕਿਸੇ ਵੀ ਸਮੇਂ, ਤਕਰੀਬਨ 2.5 ਮਿਲੀਅਨ ਲੋਕਾਂ ਤੋਂ ਧੱਕੇ ਨਾਲ ਕੰਮ ਕਰਵਾਇਆ ਜਾਂਦਾ ਹੈ, ਜਿਸ ਵਿਚ ਕਾਮੁਕ (ਸੈਕਸੂਅਲ) ਧੰਦਾ ਵੀ ਸ਼ਾਮਲ ਹੈ, ਅਤੇ ਮਨੁੱਖੀ ਵਪਾਰ ਦੇ ਨਤੀਜੇ [1] ਵਜੋਂ ਵਿਸ਼ਵ ਵਿਚ ਸਲਾਨਾ 31.6 ਬਿਲੀਅਨ[2] ਡਾਲਰ ਕਮਾਏ ਜਾਂਦੇ ਹਨ।

ਅੰਤਰਰਾਸ਼ਟਰੀ ਕਾਨੂੰਨ ਅਤੇ ਕੈਨੇਡੀਅਨ ਕਾਨੂੰਨ ਵਿਚ, ਮਨੁੱਖੀ ਵਪਾਰ ਦੀ ਪ੍ਰੀਭਾਸ਼ਾ, ਧੱਕੇ ਨਾਲ, ਝੂਠ ਬੋਲ ਕੇ, ਫਰਾਡ ਨਾਲ, ਤਾਕਤ ਦੀ ਦੁਰਵਰਤੋਂ ਕਰਕੇ ਜਾਂ ਸ਼ੋਸ਼ਣ ਦੇ ਮੰਤਵ ਲਈ ਅਦਾਇਗੀ ਕਰਕੇ ਲੋਕਾਂ ਨੂੰ ਭਰਤੀ ਕਰਨ, ਢੋਹਣ, ਕਬਜ਼ੇ ਵਿਚ ਰੱਖਣ ਜਾਂ ਲੋਕਾਂ ਨੂੰ ਲੈਣ ਦੇ ਤੌਰ ’ਤੇ ਦਿੱਤੀ ਗਈ ਹੈ। ਜਿਹੜੇ ਲੋਕਾਂ ਦਾ ਵਪਾਰ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ ਮਜ਼ਦੂਰੀ ਕਰਨ ਜਾਂ ਸੇਵਾਵਾਂ ਦੇਣ ਲਈ ਮਜ਼ਬੂਰ ਕੀਤਾ ਜਾਂਦਾ ਹੈ, ਹਿੱਤਾਂ ਲਈ ਵਰਤਿਆ ਜਾਂਦਾ ਹੈ, ਦਗਾ ਦਿੱਤਾ ਜਾਂਦਾ ਹੈ ਜਾਂ ਦਬਾ ਪਾਇਆ ਜਾਂਦਾ ਹੈ। ਅਕਸਰ ਉਨ੍ਹਾਂ ਨੂੰ ਆਪਣੀ ਸੇਫਟੀ ਜਾਂ ਆਪਣੇ ਜਾਣਦਿਆਂ ਦੀ ਸੇਫਟੀ ਲਈ ਡਰ ਲੱਗਦਾ ਹੈ।

ਮਨੁੱਖੀ ਵਪਾਰ ਦੇ ਜੁਰਮ ਵਿਚ ਜ਼ਰੂਰੀ *ਨਹੀਂ* ਕਿ ਕਿਸੇ ਕਿਸਮ ਦੀ ਢੋਆ-ਢੁਆਈ, ਤਬਦੀਲੀ ਜਾਂ ਵਿਅਕਤੀਆਂ ਦੀ ਮੂਵਮੈਂਟ ਸ਼ਾਮਲ ਹੋਵੇ। ਦੂਜੇ ਸ਼ਬਦਾਂ ਵਿਚ, ਮਨੁੱਖੀ ਵਪਾਰ ਕੈਨੇਡੀਅਨ ਬਾਰਡਰਾਂ ਦੇ ਅੰਦਰ ਹੋ ਸਕਦਾ ਹੈ ਅਤੇ ਹੁੰਦਾ ਹੈ। ਜਿਹੜੀ ਗੱਲ ਮਨੁੱਖੀ ਵਪਾਰ ਦੀ ਪ੍ਰੀਭਾਸ਼ਾ ਦਿੰਦੀ ਹੈ, ਉਹ ਸ਼ੋਸ਼ਣ ਦੇ ਮੰਤਵਾਂ ਲਈ ਵਿਅਕਤੀਆਂ ਦਾ ਕੰਟਰੋਲ ਕਰਨਾ ਅਤੇ ਆਪਣੇ ਹਿੱਤਾਂ ਲਈ ਵਰਤਣਾ, ਧੋਖਾ ਦੇਣਾ, ਦਬਾਉਣਾ ਜਾਂ ਧੱਕਾ ਕਰਨਾ ਹੈ।

## ਧੋਖੇ ਨਾਲ ਭਰਤੀ ਕਰਨਾ

ਅਕਸਰ, ਬਦੇਸ਼ੀ ਕਾਮੇ, ਕੰਮ ’ਤੇ ਰੱਖੇ ਜਾਣ ਲਈ ਹਜ਼ਾਰਾਂ ਡਾਲਰ “ਰੁਜ਼ਗਾਰ ਏਜੰਸੀਆਂ” ਨੂੰ ਗੈਰਕਾਨੂੰਨੀ ਫੀਸਾਂ ਵਿਚ ਦਿੰਦੇ ਹਨ ਜੋ ਕਿ ਕੈਨੇਡਾ ਵਿਚ ਉਨ੍ਹਾਂ ਦੇ ਕੰਮ ਲਈ ਦਲਾਲੀ ਕਰਦੀਆਂ ਹਨ। ਬਹੁਤ ਸਾਰੇ ਕਾਮਿਆਂ ਨੂੰ ਕੈਨੇਡਾ ਵਿਚ ਆ ਕੇ ਇਹ ਪਤਾ ਲੱਗਦਾ ਹੈ ਕਿ ਉਨ੍ਹਾਂ ਲਈ ਕੈਨੇਡਾ ਵਿਚ ਕੋਈ ਕੰਮ ਨਹੀਂ ਹੈ ਜਾਂ ਉਨ੍ਹਾਂ ਨੂੰ ਇਹ ਪਤਾ ਲੱਗਦਾ ਹੈ ਕਿ ਕੰਮ ਉਸ ਕੰਮ ਨਾਲੋਂ ਬਹੁਤ ਜ਼ਿਆਦਾ ਵੱਖਰਾ ਹੈ ਜਿਸ ਲਈ ਉਸ ਨੂੰ ਰੱਖਿਆ ਗਿਆ ਸੀ।

ਕੈਨੇਡਾ ਵਿਚ ਨਵੇਂ, ਰਹਿਣ ਲਈ ਕੋਈ ਥਾਂ ਨਹੀਂ, ਮਦਦ ਦੇ ਕੋਈ ਸਾਧਨ ਨਹੀਂ ਅਤੇ ਕੰਮ ’ਤੇ ਰੱਖੇ ਜਾਣ ਲਈ ਚੜ੍ਹਿਆ ਕਰਜ਼ਾ, ਅਗਾਂਹ ਹੋਰ ਮਦਦ ਲਈ ਉਸੇ ਏਜੰਟ ਕੋਲ ਜਾਂ ਵੱਖਰੇ ਏਜੰਟਾਂ ਕੋਲ ਲੈ ਜਾਂਦਾ ਹੈ।

[1] International Labour Organization, *Forced Labour Statistics Factsheet* (2007)
[2] Patrick Besler, *Forced Labour and Human Trafficking : Estimating the Profits*, working paper (geneva, Internal Labour Office, 2005



ਕੰਟਰੋਲ ਕਰਨ ਲਈ ਏਜੰਟ ਅਕਸਰ ਕਾਮੇ ਨਾਲ ਇਹ ਵਾਅਦਾ ਕਰਦੇ ਹਨ ਕਿ ਜੇ ਉਹ ਫੀਸ ਦੇਵੇ ਤਾਂ ਉਹ ਪੱਕਾ ਹੋ ਸਕਦਾ ਹੈ, ਅਤੇ ਏਜੰਟ ਦੇਸ਼ ਨਿਕਾਲੇ ਦੀਆਂ ਧਮਕੀਆਂ ਜਾਂ ਜ਼ਬਰਦਸਤੀ ਦੇ ਹੋਰ ਰੂਪਾਂ ਦੀ ਵਰਤੋਂ ਕਰਦੇ ਹਨ। ਇਸੇ ਸਮੇਂ ਏਜੰਟ ਕਾਮੇ ਨੂੰ ਅਣਅਧਿਕਾਰਤ ਕੰਮ ਕਰਨ ਜਾਂ “ਨਗਦ ਕੰਮ ਕਰਨ ਲਈ” ਮਨਾਉਂਦਾ ਹੈ।

## ਬਦੇਸ਼ੀ ਕਾਮਿਆਂ ਦਾ ਮਨੁੱਖੀ ਵਪਾਰ

ਕੋਈ ਵੀ ਮਨੁੱਖੀ ਵਪਾਰ ਦਾ ਸ਼ਿਕਾਰ ਹੋ ਸਕਦਾ ਹੈ, ਪਰ ਬਦੇਸ਼ੀ ਕਾਮੇ ਕਈ ਕਾਰਨਾਂ ਕਰਕੇ ਲੇਬਰ ਦੇ ਸ਼ੋਸ਼ਣ ਦਾ ਖਾਸ ਤੌਰ ’ਤੇ ਸ਼ਿਕਾਰ ਹੋ ਸਕਦੇ ਹਨ। ਬਹੁਤ ਸਾਰੇ ਬਦੇਸ਼ੀ ਕਾਮਿਆਂ ਕੋਲ ਕੰਮ ਦੀਆਂ ਬਹੁਤ ਘੱਟ ਚੋਣਾਂ ਹੁੰਦੀਆਂ ਹਨ, ਉਹ ਸਮਾਜਿਕ ਤੌਰ ’ਤੇ ਇਕੱਲੇ ਹੁੰਦੇ ਹਨ ਕਿਉਂਕਿ ਉਹ ਦੇਸ਼ ਵਿਚ ਨਵੇਂ ਹੁੰਦੇ ਹਨ, ਆਪਣਾ ਦੇਸ਼ ਛੱਡਣ ਲਈ ਉਨ੍ਹਾਂ ਨੇ ਕਰਜ਼ਾ ਚੜ੍ਹਾ ਲਿਆ ਹੁੰਦਾ ਹੈ ਅਤੇ ਉਨ੍ਹਾਂ ਨੂੰ ਬੋਲੀ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੋਈ ਬਦੇਸ਼ੀ ਕਾਮਾ ਖਾਸ ਤੌਰ ’ਤੇ ਸ਼ਿਕਾਰ ਹੋ ਸਕਦਾ ਹੈ ਜੇ ਉਹ ਆਰਥਿਕ ਜਾਂ ਰਾਜਨੀਤਕ ਅਸਥਿਰਤਾ ਵਾਲੇ ਦੇਸ਼ ਵਿੱਚੋਂ ਆਇਆ ਹੋਵੇ ਅਤੇ ਵਧੀਆ ਜ਼ਿੰਦਗੀ ਲੱਭ ਰਿਹਾ ਹੋਵੇ ਪਰ ਉਸ ਕੋਲ ਅਜਿਹਾ ਕਰਨ ਲਈ ਬਹੁਤ ਘੱਟ ਆਰਥਿਕ ਜਾਂ ਸਮਾਜਿਕ ਮੌਕੇ ਹੋਣ।

ਲੇਬਰ ਦੇ ਵਪਾਰ ਦੀਆਂ ਕੁਝ ਆਮ ਉਦਾਹਰਣਾਂ ਵਿਚ ਇਹ ਸ਼ਾਮਲ ਹਨ:

- ਬਿਨਾਂ ਕਿਸੇ ਲੀਗਲ ਵਰਕ ਪਰਮਿਟਾਂ ਦੇ ਘਰਾਂ ਵਿਚ ਲਿਵ-ਇਨ ਕੇਅਰਗਿਵਰਜ਼ ਦੇ ਤੌਰ ’ਤੇ ਕੰਮ ਕਰਦੇ ਵਿਅਕਤੀਆਂ ਜਾਂ ਘਰੇਲੂ ਕਾਮਿਆਂ (ਡੋਮੈਸਟਿਕਸ) ਨੂੰ ਬਿਨਾਂ ਬਰੇਕਾਂ ਦੇ ਲੰਮੇ ਘੰਟੇ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ, ਕਿਸੇ ਦਿਨ ਦੀ ਛੁੱਟੀ ਨਹੀਂ ਦਿੱਤੀ ਜਾਂਦੀ, ਅਤੇ ਅਜਿਹਾ ਬਹੁਤ ਘੱਟ ਤਨਖਾਹ ਨਾਲ ਕੀਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਕਾਮਿਆਂ ਨੂੰ ਅਧਿਕਾਰੀਆਂ ਕੋਲ ਰਿਪੋਰਟ ਕੀਤੇ ਜਾਣ ਦਾ ਡਰ ਲੱਗਦਾ ਹੈ;
- ਮੌਸਮੀ ਫਾਰਮ ਕਾਮਿਆਂ ਨੂੰ ਇਹ ਧਮਕੀ ਦਿੱਤੀ ਜਾਂਦੀ ਹੈ ਕਿ ਜੇ ਉਨ੍ਹਾਂ ਨੇ ਕੰਮ-ਮਾਲਕ (ਇਮਪਲੌਏਅਰ) ਦੀਆਂ ਮੰਗਾਂ ਨਾ ਮੰਨੀਆਂ ਤਾਂ ਉਨ੍ਹਾਂ ਨੂੰ ਬਲੈਕਲਿਸਟ ਕਰ ਦਿੱਤਾ ਜਾਵੇਗਾ ਅਤੇ ਕੈਨੇਡਾ ਵਿਚ ਕੰਮ ਕਰਨ ਲਈ ਵਾਪਸ ਆਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
- ਫਾਸਟ ਫੂਡ ਰੈਸਟੋਰੈਂਟਾਂ ਵਿਚ ਕੰਮ ਕਰਨ ਵਾਲੇ ਸ਼ੌਰਟ ਆਰਡਰ ਕੁੱਕ ਜਾਂ ਫੂਡ ਸਰਵਿਸ ਦਾ ਸਟਾਫ ਜੋ ਕਿ ਆਪਣੇ ਕੰਮ-ਮਾਲਕ ਦੇ ਇਸ ਵਾਅਦੇ ਬਦਲੇ ਬਹੁਤ ਘੱਟ ਤਨਖਾਹ ’ਤੇ 12 ਤੋਂ 14 ਘੰਟੇ ਕੰਮ ਕਰਦੇ ਹਨ ਕਿ ਉਨ੍ਹਾਂ ਨੂੰ ਸੂਬਾਈ ਨੌਮੀਨੀ ਪ੍ਰੋਗਰਾਮ ਮੁਤਾਬਕ ਪੱਕੇ ਵਸਨੀਕ ਵਜੋਂ ਚੁਣ ਲਿਆ ਜਾਵੇਗਾ ਜਾਂ ਨੌਮੀਨੇਟ ਕਰ ਦਿੱਤਾ ਜਾਵੇਗਾ।
- ਫੈਕਟਰੀ ਵਰਕਰਾਂ ਨੂੰ ਅਣਸੁਰੱਖਿਅਤ ਅਤੇ ਸਿਹਤ ਲਈ ਮਾੜੀਆਂ ਹਾਲਤਾਂ ਵਿਚ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ ਜਦ ਕਿ ਉਨ੍ਹਾਂ ਦੀ ਬਹੁਤੀ ਆਮਦਨ ਭਰਤੀ ਕਰਨ ਦੀਆਂ ਫੀਸਾਂ ਲਈ ਦੇ ਦਿੱਤੀ ਜਾਂਦੀ ਹੈ।

ਅਜਿਹੀਆਂ ਸਾਰੀਆਂ ਹਾਲਤਾਂ ਵਿਚ, ਮਨੁੱਖੀ ਵਪਾਰੀ ਅਸੁਰੱਖਿਅਤ ਬਦੇਸ਼ੀ ਕਾਮਿਆਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਅਜਿਹਾ ਹਿੰਸਾ, ਧਮਕੀਆਂ, ਝੂਠ, ਅਤੇ ਡਰਾਵਿਆਂ ਨਾਲ ਉਨ੍ਹਾਂ ਨੂੰ ਕੰਮ ਕਰਨ ਲਈ ਮਜ਼ਬੂਰ ਕਰਕੇ ਅਤੇ ਉਨ੍ਹਾਂ ਨੂੰ ਇਹ ਯਕੀਨ ਦਿਵਾ ਕੇ ਕਰਦੇ ਹਨ ਕਿ ਉਨ੍ਹਾਂ ਕੋਲ ਕੰਮ ਕਰਦੇ ਰਹਿਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ।

## ਇਹ ਕਿਵੇਂ ਦੱਸਣਾ ਹੈ ਕਿ ਕੀ ਕਿਸੇ ਬਦੇਸ਼ੀ ਕਾਮੇ ਦਾ ਸ਼ੋਸ਼ਣ ਹੋ ਰਿਹਾ ਹੈ ਜਾਂ ਉਸ ਦਾ ਵਪਾਰ ਹੋ ਰਿਹਾ ਹੈ?

ਤੁਹਾਡਾ, ਜਾਂ ਤੁਹਾਨੂੰ ਜਾਣਦੇ ਕਿਸੇ ਵਿਅਕਤੀ ਦਾ ਸ਼ੋਸ਼ਣ ਜਾਂ ਵਪਾਰ ਹੋ ਰਿਹਾ ਹੋ ਸਕਦਾ ਹੈ ਜੇ ਤੁਹਾਡੇ ’ਤੇ ਇਨ੍ਹਾਂ ਵਿੱਚੋਂ ਇਕ ਜਾਂ ਜ਼ਿਆਦਾ ਹਾਲਤਾਂ ਲਾਗੂ ਹੋ ਰਹੀਆਂ ਹਨ:

- ਤੁਹਾਨੂੰ ਕੰਮ ਕਰਨ ਲਈ ਜਾਂ ਉਹ ਸਰਵਿਸ ਦੇਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ ਜਿਹੜੀ ਤੁਸੀਂ ਦੇਣਾ ਨਹੀਂ ਚਾਹੁੰਦੇ;
- ਤੁਹਾਡੇ ਤੋਂ ਮਾੜੀਆਂ ਹਾਲਤਾਂ ਵਿਚ ਬਹੁਤ ਘੱਟ ਪੈਸਿਆਂ ’ਤੇ ਜਾਂ ਬਿਨਾਂ ਤਨਖਾਹ ਦੇ ਕੰਮ ਕਰਵਾਇਆ ਜਾ ਰਿਹਾ ਹੈ;
- ਤੁਹਾਨੂੰ ਜ਼ਿਆਦਾ ਘੰਟੇ ਕੰਮ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ ਅਤੇ ਬਰੇਕ ਲੈਣ ਦੀ ਆਗਿਆ ਨਹੀਂ ਹੈ;
- ਤੁਹਾਡੀ ਬੇਇਜ਼ਤੀ, ਬੁਰਾ ਵਰਤਾਉ ਕੀਤਾ ਜਾ ਰਿਹਾ ਹੈ ਅਤੇ ਹਿੰਸਾ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ;
- ਤੁਹਾਨੂੰ ਕੰਮ/ਰਿਹਾਇਸ਼ੀ ਥਾਂਵਾਂ ਵਿਚ ਜ਼ਿਆਦਾ ਸਕਿਉਰਟੀ ਵਾਲੀਆਂ ਹਾਲਤਾਂ ਵਿਚ ਡੱਕ ਕੇ ਰੱਖਿਆ ਜਾ ਰਿਹਾ ਹੈ ਜੋ ਕਿ ਤੁਹਾਨੂੰ ਹੋਰਨਾਂ ਨਾਲ ਗੱਲਬਾਤ ਕਰਨ ਜਾਂ ਕੰਮ/ਰਿਹਾਇਸ਼ ਵਾਲੀ ਥਾਂ ਤੋਂ ਜਾਣ ਤੋਂ ਰੋਕਦਾ ਹੈ;
- ਤੁਹਾਡੇ ਕੋਲ ਆਪਣੇ ਪਾਸਪੋਰਟ ਜਾਂ ਨਿੱਜੀ ਪਛਾਣ ਦੇ ਹੋਰ ਪੇਪਰਾਂ ਦਾ ਕੋਈ ਕੰਟਰੋਲ ਨਹੀਂ ਹੈ ਅਤੇ ਉਨ੍ਹਾਂ ਤੱਕ ਪਹੁੰਚ ਨਹੀਂ ਹੈ;
- ਤੁਹਾਡੇ ’ਤੇ ਇਹ ਪਾਬੰਦੀਆਂ ਹਨ ਕਿ ਤੁਸੀਂ ਕਦੋਂ ਅਤੇ ਕਿੱਥੇ ਜਾ ਸਕਦੇ ਹੋ ਅਤੇ ਤੁਸੀਂ ਕੀ ਕਰ ਸਕਦੇ ਹੋ;
- ਤੁਹਾਡੇ ਨਾਲ ਹਰ ਵੇਲੇ ਕੋਈ ਹੁੰਦਾ ਹੈ ਜੋ ਤੁਹਾਡੇ ਲਈ ਬੋਲਦਾ ਹੈ;
- ਤੁਹਾਡੀਆਂ ਸਿਹਤ ਸਮੱਸਿਆਵਾਂ ਹਨ ਜਿਨ੍ਹਾਂ ਦਾ ਇਲਾਜ ਨਹੀਂ ਕੀਤਾ ਗਿਆ;
- ਤੁਸੀਂ ਆਮ ਤੌਰ ’ਤੇ ਜਾਂ ਖਾਸ ਤੌਰ ’ਤੇ ਪੁਲੀਸ ਜਾਂ ਹੋਰ ਅਧਿਕਾਰੀਆਂ ਤੋਂ ਡਰੇ ਹੋਏ ਅਤੇ ਫਿਕਰਮੰਦ ਹੋ;
- ਜਿੱਥੇ ਤੁਸੀਂ ਰਹਿੰਦੇ ਹੋ ਉੱਥੇ ਤੁਹਾਨੂੰ ਤੁਹਾਡੀ ਪ੍ਰਾਈਵੇਸੀ ਤੋਂ ਨਾਂਹ ਹੋ ਰਹੀ ਹੈ ਅਤੇ/ਜਾਂ ਤੁਸੀਂ ਆਪਣੇ ਸਾਥੀਆਂ ਨਾਲ ਸਾਂਝੀ, ਭੀੜ-ਭੜੱਕੇ ਵਾਲੀ ਰਿਹਾਇਸ਼ ਵਿਚ ਰਹਿੰਦੇ ਹੋ;
- ਤੁਹਾਡੇ ਕੰਮ-ਮਾਲਕ ਨੇ ਤੁਹਾਨੂੰ ਹਿੰਸਾ, ਨੁਕਸਾਨ ਪਹੁੰਚਾਉਣ, ਗ੍ਰਿਫਤਾਰ ਕਰਵਾਉਣ ਜਾਂ ਦੇਸ਼ ਨਿਕਾਲੇ ਦੀ ਧਮਕੀ ਦਿੱਤੀ ਹੈ;
- ਤੁਹਾਡਾ ਦੋਸਤਾਂ, ਪਰਿਵਾਰ ਜਾਂ ਕਮਿਉਨਟੀ ਵਿਚਲੇ ਹੋਰ ਲੋਕਾਂ ਨਾਲ ਸੀਮਤ ਸੰਪਰਕ ਹੈ।

